## ਇਹੁ ਹਮਾਰ[illegible]ਵਣਾ

# ਕਿਲ੍ਹਾ ਰਾਏਪੁਰ ਦੀ ਅਵਾਜ਼

24.5.97

ਇਹ ਕਿਲ੍ਹਾ ਰਾਏਪੁਰ ਹੈ। ਇੱਥੇ ਜ਼ਿਮਨੀ ਚੋਣ ਦਾ ਬਿਗਲ ਵੱਜ ਚੁੱਕਿਆ ਹੈ। ਇਸ ਚੋਣ ਮੈਦਾਨ ਵਿਚ ਇਕ ਉਮੀਦਵਾਰ ਤਰਸੇਮ ਜੋਧਾਂ ਹੈ, ਜੋ ਮਾਰਕਸਵਾਦੀ ਕਮਿਊਨਿਸਟ ਪਾਰਟੀ ਦਾ ਉਮੀਦਵਾਰ ਹੈ। ਅਕਾਲੀ ਪਾਰਟੀ ਦਾ ਉਮੀਦਵਾਰ ਜਗਦੀਸ਼ ਸਿੰਘ ਗਰਚਾ ਹੈ। ਅਕਾਲੀ ਪਾਰਟੀ ਹੁਣ ਹਾਕਮ ਪਾਰਟੀ ਹੈ, ਇਸ ਲਈ ਉਸ ਦਾ ਲਓ-ਲਸ਼ਕਰ ਮੰਤਰੀਆਂ ਅਤੇ ਅਫ਼ਸਰਾਂ ਸਮੇਤ ਇਸ ਹਲਕੇ ਵਿਚ ਪੁੱਜ ਚੁੱਕਾ ਹੈ। ਉਨ੍ਹਾਂ ਵੱਲੋਂ ਬਿਆਨ 'ਤੇ ਬਿਆਨ ਦਾਗ਼ੇ ਜਾ ਰਹੇ ਹਨ। ਇਹ ਬਿਆਨ ਜਗਦੀਸ਼ ਸਿੰਘ ਗਰਚਾ ਵੱਲੋਂ ਨਹੀਂ ਆ ਰਹੇ। ਇਹ ਬਿਆਨ ਕਦੇ ਜਥੇਦਾਰ ਟੌਹੜਾ ਵੱਲੋਂ ਆ ਰਹੇ ਹਨ, ਕਦੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਅਤੇ ਕਦੀ ਚੰਦੂਮਾਜਰਾ ਵੱਲੋਂ। ਪ੍ਰਕਾਸ਼ ਸਿੰਘ ਬਾਦਲ ਦਾ ਤਾਂ ਆਪਣੀਆਂ ਸੌ ਦਿਨਾਂ ਦੀਆਂ ਪ੍ਰਾਪਤੀਆਂ ਦੱਸਣਾ ਬਣਦਾ ਹੈ। ਉਸ ਨੇ ਭ੍ਰਿਸ਼ਟਾਚਾਰ ਵੀ ਦੂਰ ਕਰ ਦਿੱਤਾ ਹੈ ਅਤੇ ਬੁੱਢਿਆਂ ਨੂੰ ਪੈਨਸ਼ਨਾਂ ਘਰੇ ਬੈਠਿਆਂ ਪਹੁੰਚਾ ਦਿੱਤੀਆਂ ਹਨ। ਇਹ ਵੱਖਰੀ ਗੱਲ ਹੈ ਕਿ ਉਸ ਨੇ ਆਪਣਾ ਪ੍ਰਿੰਸੀਪਲ ਸੈਕਟਰੀ ਇਕ ਭ੍ਰਿਸ਼ਟ ਅਧਿਕਾਰੀ ਲਗਾ ਦਿੱਤਾ ਸੀ। ਜੰਗਲ ਦੇ ਮਹਿਕਮੇ ਦੇ ਇਕ ਚੋਰ ਅਫ਼ਸਰ ਨੂੰ; ਜਿਹੜਾ ਜੰਗਲ ਦੀਆਂ ਲੱਕੜਾਂ ਵੇਚ ਕੇ ਖਾ ਗਿਆ ਤੇ ਮੁਅੱਤਲ ਹੋਇਆ ਹੋਇਆ ਸੀ, ਉਹਨੂੰ ਬਹਾਲ ਕਰ ਦਿੱਤਾ। ਪੈਨਸ਼ਨ ਦੀਆਂ ਅਰਜ਼ੀਆਂ ਦੇਣ ਗਏ ਬੁੱਢਿਆਂ 'ਤੇ ਲਾਠੀਚਾਰਜ ਹੋ ਗਿਆ ਪਰ ਜਥੇਦਾਰ ਟੌਹੜਾ ਨੂੰ ਤਾਂ ਇਹ ਸੁਨਹਿਰੀ ਮੌਕਾ ਮਿਲ ਗਿਆ ਹੈ ਕਿ ਉਹ ਹਰਕਿਸ਼ਨ ਸਿੰਘ ਸੁਰਜੀਤ ਵਿਰੁੱਧ ਆਪਣੀਆਂ ਸਾਰੀਆਂ ਕਿੜ੍ਹਾਂ ਕੱਢ ਲਏ। ਉਹਨੂੰ ਸੁਰਜੀਤ ਫੋਬੀਆ ਹੋ ਗਿਆ ਹੈ। ਉਹਦੇ ਫੋਬੀਏ ਦੇ ਨਮੂਨੇ ਹਾਜ਼ਰ ਹਨ :

24-5-1997

* ਹਰਕਿਸ਼ਨ ਸਿੰਘ ਸੁਰਜੀਤ ਹੀ 'ਸਾਕਾ ਨੀਲਾ ਤਾਰਾ' ਦਾ ਜ਼ਿੰਮੇਵਾਰ ਹੈ।' ਕੋਈ ਪੁੱਛੇ 'ਤੈਨੂੰ ਕਿਸ ਤਰ੍ਹਾਂ ਪਤਾ ਏ? ਜਵਾਬ ਹੈ 'ਮੈਨੂੰ ਪਤਾ ਹੈ, ਉਹਨੇ ਹੀ ਰੂਸ ਦੀ ਖ਼ੁਫ਼ੀਆ ਏਜੰਸੀ ਵੱਲੋਂ ਇੰਦਰਾ ਗਾਂਧੀ ਨੂੰ ਅਖਵਾਇਆ ਸੀ—'ਬੀਬੀ ਦਰਬਾਰ ਸਾਹਿਬ 'ਤੇ ਹਮਲਾ ਕਰ, ਨਹੀਂ ਤਾਂ ਮਾਰੀ ਜਾਏਂਗੀ। ਮੈਂ 13 ਸਾਲ ਇਹ ਭੇਦ ਲੁਕਾਈ ਰੱਖਿਆ, ਮੈਂ ਇਸ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ ਵਾਈਟ ਪੇਪਰ ਵਿਚ ਵੀ ਨਹੀਂ ਦਿੱਤਾ ਪਰ ਹੁਣ ਪੰਜਾਬ ਦੇ ਲੋਕਾਂ ਦੇ ਹਿੱਤ ਵਿਚ ਮੈਂ ਇਹਨੂੰ ਛੁਪਾ ਨਹੀਂ ਸਕਦਾ। ਲੋਕੋ ਤੁਸੀਂ ਤਰਸੇਮ ਜੋਧਾਂ ਨੂੰ ਵੋਟ ਨਾ ਪਾਉਣਾ, ਸਗੋਂ ਸੱਚ ਨੂੰ ਪਾਉਣਾ। ਸੱਚ ਜਿਹੜਾ ਮੈਂ, ਸਿੱਖਾਂ ਦਾ ਪੋਪ ਬੋਲ ਰਿਹਾ ਹਾਂ।'

* ਹਰਕਿਸ਼ਨ ਸਿੰਘ ਸੁਰਜੀਤ ਕਦੀ ਵੀ ਪੰਜਾਬ ਦੇ ਹਿੱਤ ਵਿਚ ਜੇਲ੍ਹ ਨਹੀਂ ਗਿਆ। ਮੈਂ ਜੇਲ੍ਹ ਵਿਚ ਚੱਕੀਆਂ ਪੀਸਦਾ ਰਿਹਾ ਹਾਂ ਭਾਵੇਂ ਉਹ ਜੇਲ੍ਹ ਨਹਿਰ ਦੇ ਕੰਢੇ ਰੈਸਟ ਹਾਊਸ ਵਿਚ ਹੀ ਸੀ।

* ਇੰਦਰ ਕੁਮਾਰ ਗੁਜ਼ਰਾਲ ਪੰਜਾਬ ਦਾ 8000 ਕਰੋੜ ਦਾ ਕਰਜ਼ਾ ਮੁਆਫ਼ ਕਰਨਾ ਚਾਹੁੰਦਾ ਸੀ ਪਰ ਹਰਕਿਸ਼ਨ ਸਿੰਘ ਸੁਰਜੀਤ ਨੇ ਦਬਕਾ ਮਾਰਿਆ, 'ਓਏ, ਗੁਜਰਾਲ, ਜੇ ਚਾਹੁੰਦਾ ਏਂ ਕਿ ਦਿੱਲੀ ਦੇ ਤਖ਼ਤ 'ਤੇ ਬੈਠਾ ਰਹੇਂ ਤਾਂ ਪੰਜਾਬ ਦਾ ਕਰਜ਼ਾ ਮੁਆਫ਼ ਨਹੀਂ ਕਰਨਾ। ਬਾਦਲ ਨੂੰ ਰਗੜਾ ਲਾਉਣਾ ਏ।'

* ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਵਿਚ ਜੋ 3000 ਸਿੱਖਾਂ ਦਾ ਘਾਣ ਹੋਇਆ, ਇਹਦੀ ਸ਼ਹਿ ਵੀ ਹਰਕਿਸ਼ਨ ਸਿੰਘ ਸੁਰਜੀਤ ਨੇ ਦਿੱਤੀ ਪਰ ਆਪਣਾ ਗੁਨਾਹ ਛੁਪਾਉਣ ਲਈ ਆਪਣੇ ਆੜੀ ਜਿਓਤੀ ਬਾਸੂ ਨੂੰ ਕਿਹਾ ਕਿ ਕਲਕੱਤਾ ਵਿਚ ਇਕ ਵੀ ਸਿੱਖ ਦਾ ਨੁਕਸਾਨ ਨਾ ਹੋਵੇ। ਇਹ ਬੜਾ ਘਾਗੀ ਸਿਆਸਤਦਾਨ ਹੈ। ਇਸ ਨੂੰ ਇਹੋ ਜਿਹੀਆਂ ਬੜੀਆਂ ਚਾਲਾਂ ਆਂਦੀਆਂ ਨੇ। ਲੋਕੋ ਤੁਸੀਂ ਸੁਰਜੀਤ ਨੂੰ ਮੂੰਹ ਨਾ ਲਗਾਓ, ਮੈਨੂੰ ਲਗਾਓ। ਤਰਸੇਮ ਨੂੰ ਮੂੰਹ ਨਾ ਲਾਓ, ਗਰਚਾ ਨੂੰ ਮੂੰਹ ਲਾਓ। ਉਹ ਇਕ ਸਿਆਣਾ ਬੰਦਾ ਹੈ। ਇਕੋ ਜ਼ਮੀਨ ਨੂੰ ਦੋ-ਦੋ ਵਾਰੀ ਵੇਚ ਦੇਂਦਾ ਹੈ। ਲੋਕਾਂ ਨੂੰ ਪਤਾ ਹੀ ਨਹੀਂ ਲੱਗਣ ਦੇਂਦਾ।

* ਬਲਵੰਤ ਸਿੰਘ ਰਾਮੂਵਾਲੀਆ ਸਾਡਾ ਕਬੂਤਰ ਸੀ। ਅਸੀਂ ਉਸ ਨੂੰ ਚੋਗਾ ਪਾਉਂਦੇ ਰਹੇ ਪਰ ਘਾਗ ਕਬੂਤਰਬਾਜ਼ ਸੁਰਜੀਤ ਉਹਨੂੰ ਲਾਲਚ ਦੇ ਕੇ ਆਪਣੇ ਕੋਠੇ ਉਡਾ ਕੇ ਲੈ ਗਿਆ ਹੈ। ਅਸੀਂ ਸੁਰਜੀਤ ਨੂੰ ਇਸ ਗੁਨਾਹ ਬਦਲੇ ਕਦੀ ਮੁਆਫ਼ ਨਹੀਂ ਕਰ ਸਕਦੇ। ਅਸੀਂ ਵੀ ਬੜੇ ਪੁਰਾਣੇ ਕਬੂਤਰਬਾਜ਼ ਹਾਂ।

* ਇਹ ਸ਼ੱਕ ਨਹੀਂ ਕਿ ਤਰਸੇਮ ਜੋਧਾਂ ਇਕ ਅਵਾਮੀ ਵਰਕਰ ਹੈ। ਪਿਛਲੀਆਂ ਚੋਣਾਂ ਵਿਚ ਜਦੋਂ ਸਾਡੇ ਹੱਕ ਵਿਚ ਹਵਾ ਜਾਂ ਕਹਿ ਲਵੋ ਹਨ੍ਹੇਰੀ ਚੱਲ ਰਹੀ ਸੀ ਅਤੇ ਅਸੀਂ ਕਾਂਗਰਸ ਵਿਰੋਧੀ ਹਵਾ ਦਾ ਪੂਰਾ ਫ਼ਾਇਦਾ ਉੱਠਾ ਰਹੇ ਸਾਂ ਤਾਂ ਵੀ ਉਹ 27 ਹਜ਼ਾਰ ਤੋਂ ਵੱਧ ਵੋਟ ਲੈ ਗਿਆ।'ਉਹਦੀ ਇੰਨੀ ਹਿੰਮਤ? ਇਸ ਵਾਰ ਅਸੀਂ ਉਸ ਨੂੰ ਸਬਕ ਸਿਖਾਵਾਂਗੇ। ਉਹਦੀ ਜ਼ਮਾਨਤ ਜ਼ਬਤ ਕਰਵਾਵਾਂਗੇ।

* ਅਖੇ ਤਰਸੇਮ ਜੋਧਾਂ ਗਰੀਬਾਂ ਦੀ ਮਦਦ ਲਈ ਹਰ ਵੇਲੇ ਆਪਣੇ ਦਰਵਾਜ਼ੇ ਖੁੱਲ੍ਹੇ ਰੱਖਦਾ ਹੈ। ਰੱਖਦਾ ਹੋਣਾ ਹੈ, ਉਹਦੇ ਕੋਲ ਬੰਦ ਰੱਖਣ ਲਈ ਹੈ ਕੀ? ਅਸੀਂ ਤਾਂ ਇਹ ਨਹੀਂ ਕਰ ਸਕਦੇ। ਸਾਡੇ ਸਰਦਾਰਾਂ ਨੇ ਅਰਾਮ ਵੀ ਕਰਨਾ ਹੋਇਆ। ਇਸ ਲਈ ਅਸੀਂ ਦਰਵਾਜ਼ੇ ਬੰਦ ਹੀ ਨਹੀਂ ਰੱਖਦੇ, ਸਗੋਂ ਬਾਹਰ ਕੁੱਤੇ ਵੀ ਬੰਨ੍ਹ ਕੇ ਰੱਖਦੇ ਹਾਂ। ਕੰਮੀਆਂ-ਕਮੀਨਾਂ ਕੋਲੋਂ ਰਾਖੀ ਤਾਂ ਕਰਨੀ ਹੋਈ।

* ਤਰਸੇਮ ਜੋਧਾਂ ਵਿਹੜਿਆਂ ਵਿਚ ਰਹਿੰਦੀਆਂ ਖੇਤ ਮਜ਼ਦੂਰਾਂ ਦੀਆਂ ਔਰਤਾਂ ਨੂੰ ਕਹਿੰਦਾ ਫਿਰਦਾ ਹੈ ਕਿ ਪਹਿਰੇਦਾਰੀ ਕਰਨ। ਸ਼ਰਾਬ ਦੀਆਂ ਪੇਟੀਆਂ ਨਾ ਆਪਣੇ ਵਿਹੜਿਆਂ ਵਿਚ ਆਉਣ ਦੇਣ ਪਰ ਕਿੰਨਾ ਕੁ ਪਹਿਰਾ ਕਰਨਗੀਆਂ। ਸਾਡੇ ਲਈ ਟਾਊਟ ਲੱਭਣੇ ਮੁਸ਼ਕਲ ਨਹੀਂ।

* ਲੋਕੋ, ਇਹ ਲੜਾਈ ਪੰਥ ਹਿਤੈਸ਼ੀ ਅਤੇ ਪੰਥ ਦੁਸ਼ਮਣਾਂ ਦੇ ਦਰਮਿਆਨ ਹੈ। ਤਰਸੇਮ ਜੋਧਾਂ ਜਿਹੜਾ ਇਹ ਕਹਿੰਦਾ ਫਿਰਦਾ ਹੈ ਕਿ ਇਹ ਲੜਾਈ ਭਾਈ ਲਾਲੋਆਂ ਅਤੇ ਮਲਕ ਭਾਗੋਆਂ ਦੇ ਦਰਮਿਆਨ ਹੈ, ਉਹਦੇ ਵੱਲ ਧਿਆਨ ਨਾ ਦੇਵੋ। ਵੋਟ ਜਗਦੀਸ਼ ਸਿੰਘ ਗਰਚਾ ਨੂੰ ਦੇਵੋ, ਜਿਹੜਾ ਮਲਕ ਭਾਗੋਆਂ ਦਾ ਵੀ ਖਿਆਲ ਰੱਖਦਾ ਹੈ ਤੇ ਭਾਈ ਲਾਲੋਆਂ ਦਾ ਵੀ।

* ਵੋਟ ਜਗਦੀਸ਼ ਸਿੰਘ ਗਰਚਾ ਨੂੰ ਪਾਵੋ ਜੋ ਮਲਕ ਭਾਗੋਆਂ ਕੋਲੋਂ ਪੈਸੇ ਲੈਂਦਾ ਹੈ ਤੇ ਭਾਈ ਲਾਲੋਆਂ ਨੂੰ ਲਾਰੇ ਲਾਂਦਾ ਹੈ। ਫ਼ੈਸਲਾ ਤੁਸੀਂ ਕਰਨਾ ਹੈ ਕਿ ਮਲਕ ਭਾਗੋ ਵੱਲ ਜਾਣਾ ਹੈ ਕਿ ਭਾਈ ਲਾਲੋ ਵੱਲ। ਚੋਣ ਦਾ ਬਿਗਲ ਵੱਜ ਗਿਆ ਹੈ।

—*ਗੁਰਚਰਨ ਸਿੰਘ*